# ਪੰਜਾਬੀ ਨਾਟਕ ਤੇ ਰੰਗਮੰਚ
# ਪ੍ਰਾਪਤੀਆਂ ਤੇ ਸੰਭਾਵਨਾਵਾਂ

ਪੰਜਵੀਂ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ
9-11 ਦਸੰਬਰ, 2015

ਆਯੋਜਕ
ਪੰਜਾਬੀ ਸਾਹਿਤ ਅਧਿਐਨ ਵਿਭਾਗ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)

# PUNJABI NATAK TE RANGMANCH PRAPTIAN TE SAMBHAVNAWAN *(Punjabi)*

(Fifth Vishav Punjabi Sahit Conference)
9-11 Dec., 2015

*Chief Patron*
**DR. JASPAL SINGH**
Vice-Chancellor, Punjabi University, Patiala

*Chief Editor*
**DR. AMRITPAL KAUR**
Head & Director of the Conference
Department of Punjabi Literary Studies

*Editorial Board*
Dr. Rajinder Lehri - Professor, Department of Punjabi Literary Studies
Dr.Gurnaib Singh - Professor & Coordinator of the Conference
Dr. Harjodh Singh - Associate Professor, Department of Punjabi Literary Studies
Dr. Bhim Inder Singh - Associate Professor, Department of Punjabi Literary Studies
Dr. Parmeet Kaur - Assistant Professor & Co-Coordinator of the Conference
Dr. Mohan Singh Tyagi - Assistant Professor & Co- Coordinator of the Conference

ISBN : 978-81-203-0420-8

2016
ਕਾਪੀਆਂ : 250
ਕੀਮਤ : 1100.00

*The responsibility for the facts stated, opinions expressed or conclusions reached at is entirely that of the authors and not of the Department of Punjabi Literary Studies & the Editorial Board.*

ਟਾਇਪ ਸੈਟਿੰਗ : ਦੁੱਗਲ ਕੰਪਿਊਟਰਜ਼, ਪਟਿਆਲਾ

ਡਾ. ਦੇਵਿੰਦਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ ਅਤੇ ਆਰਨਾ ਪ੍ਰਿੰਟਿੰਗ ਸੋਲੀਊਸ਼ਨਜ਼ ਪਟਿਆਲਾ ਵਿਖੇ ਛਪੀ।

## ਤਤਕਰਾ


| | | |
|---|---|---|
| ਵਿਭਾਗੀ ਸ਼ਬਦ | | (iii) |
| ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ ਦੀ ਰਿਪੋਰਟ | | (vii) |
| ਨਾਟਕ ਦੀ ਇਤਿਹਾਸਕਾਰੀ : ਪ੍ਰਾਪਤੀਆਂ ਤੇ ਸੰਭਾਵਨਾਵਾਂ | — ਡਾ. ਤਾਰਾ ਸਿੰਘ | 1 |
| ਪੰਜਾਬੀ ਨਾਟਕ ਇਤਿਹਾਸਕ ਪਰਿਪੇਖ ਤੋਂ | — ਡਾ. ਸਤਵੰਤ ਕੌਰ ਮਾਨ | 6 |
| ਨਾਟਕ ਦੀ ਤਕਨੀਕ | — ਡਾ. ਹਰਪ੍ਰੀਤ | 11 |
| ਨਾਟਕ ਦਾ ਲਿਖਤ ਪਾਠ ਤੇ ਖੇਡ ਪਾਠ : ਵਿਰੋਧ -ਵਿਕਾਸੀ ਸੰਬੰਧ | — ਡਾ. ਯੋਗਰਾਜ | 13 |
| ਨਾਟਕ ਦੇ ਵਿਭਿੰਨ ਨਾਟ ਰੂਪ | — ਬਲਕਰਨ ਸਿੰਘ ਭਾਗਸਰੀਆ | 15 |
| ਪੰਜਾਬੀ ਨਾਟਕ : ਸਿਰਜਣਾਤਮਕ ਅਨੁਭਵ ਅਤੇ ਪ੍ਰਤੀਕਮਈ ਦਿਸ਼ਾਵਾਂ | — ਅਮਰਜੀਤ ਸਿੰਘ | 22 |
| ਪੰਜਾਬੀ ਨਾਟਕ ਅਤੇ ਮੀਡੀਆ | — ਪ੍ਰੋ. ਬਲਬੀਰ ਕੌਰ ਰੀਹਲ | 28 |
| ਨਾਟਕ ਵਿਚ ਸੰਗੀਤ ਦਾ ਮਹੱਤਵ : ਪੇਸ਼ਕਾਰੀ ਦੇ ਸੰਦਰਭ ਵਿਚ | — ਡਾ. ਵੀਰਪਾਲ ਕੌਰ ਸਿੱਧੂ | 33 |
| ਰੰਗਮੰਚ ਅਤੇ ਸਿਨੇਮਾ ਵਿਚ ਸਮਾਨਤਾਵਾਂ ਅਤੇ ਅਸਮਾਨਤਾਵਾਂ | — ਕਿਰਨਦੀਪ ਕੌਰ ਘਵੱਦੀ | 36 |
| ਨਾਵਲਾਂ ਅਤੇ ਕਹਾਣੀਆਂ ਦੇ ਨਾਟਕੀ ਰੂਪਾਂਤਰਣ ('ਮਿੱਟੀ ਰੰਗ ਵਟਾਏ' ਪੁਸਤਕ ਦੇ ਸੰਦਰਭ ਵਿੱਚ) | — ਰਮਨਦੀਪ ਕੌਰ | 40 |
| ਸਦੀ ਦਾ ਇਕ ਕਲਾਕਾਰੀ ਨਾਟਕ | — ਡਾ. ਸੋਮਪਾਲ ਹੀਰਾ | 44 |
| ਮੁੱਢਲੇ ਪੰਜਾਬੀ ਨਾਟਕ ਦੀ ਸੁਖਾਂਤ ਦ੍ਰਿਸ਼ਟੀ | — ਲਖਵੀਰ ਕੌਰ ਲੈਜ਼ੀਆ | 49 |
| ਨਾਟਕ ਦੀ ਸਮਕਾਲੀਨ ਪ੍ਰਸੰਗਿਕਤਾ | — ਡਾ. ਪਰਮਿੰਦਰਜੀਤ ਕੌਰ | 54 |

| | | |
|---|---|---|
| ਆਤਮਜੀਤ ਦੇ ਨਾਟਕਾਂ ਵਿਚ ਵਿਅੰਗ ਦੀ ਪੇਸ਼ਕਾਰੀ | — ਸਰਬਜੀਤ ਸਿੰਘ | 491 |
| ਰਵਿੰਦਰ ਰਵੀ ਦੀ ਕਾਵਿ-ਨਾਟ ਚੇਤਨਾ | — ਗੁਰਦੀਪ ਸਿੰਘ ਕੈਲਾਸ਼ | 496 |
| ਵਿਸ਼ਵੀਕਰਨ ਅਤੇ ਰਵਿੰਦਰ ਰਵੀ ਦੇ ਕਾਵਿ-ਨਾਟਕ | — ਡਾ. ਅਵਤਾਰ ਸਿੰਘ | 500 |
| ਸਤੀਸ਼ ਕੁਮਾਰ ਵਰਮਾ ਦੇ ਇਤਿਹਾਸਿਕ ਨਾਟਕ 'ਲੋਕ ਮਨਾਂ ਦਾ ਰਾਜਾ' ਦੇ ਬਹੁਵਿਧਾਈ ਪਾਸਾਰ | — ਸਤਵਿੰਦਰ ਕੌਰ | 506 |
| ਸਵਰਾਜਬੀਰ ਦੀ ਨਾਟ-ਦ੍ਰਿਸ਼ਟੀ | — ਬਲਵਿੰਦਰ ਸਿੰਘ | 511 |
| ਪੰਜਾਬੀ ਨਾਟਕ ਵਿੱਚ ਸਵਰਾਜਬੀਰ ਦੇ ਨਾਟਕੀ ਸਰੋਕਾਰ | — ਜਸਵੀਰ ਕੌਰ | 515 |
| ਸਵਰਾਜਬੀਰ ਦੀ ਨਾਟਕ ਕਲਾ ਦੀ ਵਿਲੱਖਣਤਾ | — ਸੁਰਿੰਦਰ ਕੁਮਾਰ | 519 |
| ਕੇਵਲ ਧਾਲੀਵਾਲ ਦੇ ਨਾਟ-ਰੂਪਾਂਤਰਣ ਵਿਧਾਗਤ ਅਧਿਐਨ | — ਡਾ. ਗੁਰਮੀਤ ਸਿੰਘ ਹੁੰਦਲ | 523 |
| ਇਕ ਸੀ ਮੰਟੋ : ਆਧੁਨਿਕ ਰੰਗਮੰਚ ਦੀ ਪੇ-ਕਾਰੀ | — ਡਾ. ਗੁਰਜੰਟ ਸਿੰਘ | 528 |
| ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿੱਚ ਮਲਵਈ ਸਭਿਆਚਾਰ ਦਾ ਵਿਵੇਚਨਾਤਮਿਕ ਮੁਲਾਂਕਣ | — ਮਨਪ੍ਰੀਤ ਕੌਰ | 532 |
| ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿਚ ਪੇਸ਼ ਸਮਾਜਿਕ, ਆਰਥਿਕ ਤੇ ਸਭਿਆਚਾਰਕ ਸੰਦਰਭ | — ਮਨਿੰਦਰ ਸਿੰਘ ਵਿਰਕ | 536 |
| ਅਜਮੇਰ ਸਿੰਘ ਔਲਖ ਦੇ ਨਾਟਕ 'ਸੱਤ ਬਗਾਨੇ' ਦਾ ਸਭਿਆਚਾਰਕ ਅਵਚੇਤਨ | — ਹਰਜਿੰਦਰ ਸਿੰਘ | 540 |
| ਅਜਮੇਰ ਸਿੰਘ ਔਲਖ ਦੇ ਨਾਟਕਾਂ ਦਾ ਲੋਕਧਾਰਾਈ ਅਧਿਐਨ | — ਡਾ. ਮਨਦੀਪ ਕੌਰ | 545 |
| ਵਿਸ਼ਵੀਕਰਨ ਸਭਿਆਚਾਰਕ ਬਦਲਾਅ ਅਤੇ ਪੰਜਾਬੀ ਨਾਟਕ 'ਕੈਮਲੂਪਸ ਦੀਆਂ ਮੱਛੀਆਂ' | — ਡਾ. ਊਸ਼ਾ ਸ਼ਰਮਾ | 550 |

# ਅਜਮੇਰ ਸਿੰਘ ਔਲਖ ਦੇ ਨਾਟਕ 'ਸੱਤ ਬਗਾਨੇ' ਦਾ ਸਭਿਆਚਾਰਕ ਅਵਚੇਤਨ

* ਹਰਜਿੰਦਰ ਸਿੰਘ

'ਸੱਤ ਬਗਾਨੇ' ਅਜਮੇਰ ਸਿੰਘ ਔਲਖ ਦਾ ਅਜਿਹਾ ਬਹੁ-ਪਰਤੀ ਤੇ ਬਹੁ-ਪਰਿਪੇਖੀ ਨਾਟਕ ਹੈ ਜਿਹੜਾ ਅਜੋਕੇ ਪੰਜਾਬੀ ਨਾਟਕ ਦੀਆਂ ਪ੍ਰਸਿੱਧ ਰਚਨਾਵਾਂ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਹ ਨਾਟਕ ਵਸਤੂ-ਯਥਾਰਥ ਦੀ ਪ੍ਰਮਾਣਿਕਤਾ ਅਤੇ ਕਲਾਤਮਿਕ ਪੇਸ਼ਕਾਰੀ ਦੀ ਵਿਲੱਖਣਤਾ ਸਦਕਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਇਹ ਨਾਟਕ ਮਾਲਵੇ ਦੇ ਪੇਂਡੂ ਸਮਾਜ-ਸਭਿਅਚਾਰਕ ਅਵਚੇਤਨ ਨੂੰ ਆਪਣੇ 'ਨਾਟ-ਵਸਤੂ' ਵਜੋਂ ਗ੍ਰਹਿਣ ਕਰਦਾ ਹੈ। ਸੱਤਹੀ ਪੱਧਰ 'ਤੇ ਵੇਖਿਆਂ ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰਕ ਪਰਿਵੇਸ਼ ਵਿਚ ਨਿਮਨ ਕਿਸਾਨੀ ਪਰਿਵਾਰ ਵਿੱਚ ਆਰਥਿਕ ਤੰਗੀ ਕਾਰਨ 'ਔਰਤ ਦੀ ਥੁੜ' ਇਸ ਨਾਟਕ ਵਿਚਲੇ ਦੁਖਾਂਤ ਨੂੰ ਸਿਰਜਦੀ ਨਜ਼ਰ ਆਉਂਦੀ ਹੈ। ਪਰੰਤੂ ਜੇ ਵਧੇਰੇ ਗਹੁ ਨਾਲ ਵੇਖਿਆ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਕਿ ਇਸ ਨਾਟਕ ਵਿਚਲੇ ਦੁਖਾਂਤ ਨੂੰ ਸਿਰਜਣ ਵਾਲੇ ਕਾਰਕ ਮਲਵਈ ਸਭਿਆਚਾਰਕ ਅਵਚੇਤਨ ਵਿਚ ਪਏ ਹਨ।

ਜ਼ਾਹਿਰ ਹੈ, ਹਰ ਸਾਹਿਤਕ ਪਾਠ ਆਪਣੇ ਸਭਿਆਚਾਰਕ ਪ੍ਰਵੇਸ਼ ਵਿਚੋਂ ਹੀ ਪੈਦਾ ਹੁੰਦਾ ਹੈ ਉਹ ਅਚੇਤ ਜਾਂ ਸੁਚੇਤ ਉਸ ਸਭਿਆਚਾਰ ਨੂੰ ਹੀ ਪੇਸ਼ ਕਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਸਾਹਿਤਕ ਪਾਠਾਂ ਵਿਚ ਸਭਿਆਚਾਰਕ ਦੁਖਾਂਤ ਸਿਰਜਣ ਵਾਲੇ ਕਾਰਕ ਕੁਝ ਤਾਂ ਪ੍ਰਤੱਖ ਨਜ਼ਰ ਆਉਂਦੇ ਹਨ ਤੇ ਕੁਝ ਖ਼ਾਮੋਸ਼ੀਆਂ ਵਜੋਂ ਅਣਕਹੇ, ਅਣਕਿਆਸੇ ਰੂਪ ਵਿਚ ਪਏ ਹੁੰਦੇ ਹਨ। ਇਹ ਖ਼ਾਮੋਸ਼ੀਆਂ ਦੇ ਰੂਪ ਵਿਚ ਅਣਕਿਹਾ ਹੀ ਕਿਸੇ ਸਭਿਆਚਾਰਕ ਪਾਠ ਦਾ ਸਭਿਆਚਾਰਕ ਅਵਚੇਤਨ ਹੈ। ਇਸ ਦ੍ਰਿਸ਼ਟੀ ਤੋਂ ਜਦੋਂ ਅਸੀਂ 'ਸੱਤ ਬਗਾਨੇ' ਨਾਟਕ ਦੇ ਸਭਿਆਚਾਰਕ ਅਵਚੇਤਨ ਨੂੰ ਸਮਝਣ/ਸਮਝਾਉਣ ਦਾ ਯਤਨ ਕਰਦੇ ਹਾਂ ਤਾਂ ਅਨੇਕ ਉਹ ਕਾਰਕ ਦ੍ਰਿਸ਼ਟੀਗੋਚਰ ਹੁੰਦੇ ਹਨ ਜਿਹੜੇ ਪੀੜ੍ਹੀ ਦਰ ਪੀੜ੍ਹੀ ਮਾਲਵੇ ਦੇ ਪੇਂਡੂ ਸਮਾਜਚਾਰੇ ਨੂੰ ਸਦੀਆਂ ਤੋਂ ਆਪਣੇ ਮੱਕੜਜਾਲ ਵਿਚ ਜਕੜਦੇ ਰਹੇ ਹਨ। ਭਾਰਤੀ/ਪੰਜਾਬੀ ਸਮਾਜ-ਸਭਿਆਚਾਰਕ ਪਰਿਪੇਖ ਵਿਚ ਵੇਖਿਆ ਸਪੱਸ਼ਟ ਹੁੰਦਾ ਹੈ ਕਿ ਇਸ ਖਿੱਤੇ ਦੇ ਸਭਿਆਚਾਰਕ ਅਵਚੇਤਨ ਨੂੰ ਘੜ੍ਹਨ ਪਿੱਛੇ ਆਰਥਿਕ ਸਾਧਨਾਂ ਦੀ ਕਾਣੀ ਵੰਡ 'ਤੇ ਉਸਰਿਆ ਸਭਿਆਚਾਰਕ ਕੀਮਤ-ਪ੍ਰਬੰਧ ਪਿਆ ਹੈ। ਭਾਰਤੀ/ਪੰਜਾਬੀ ਸਮਾਜ-ਸਭਿਆਚਾਰ ਵਿਚ ਆਰਥਿਕ ਸਾਧਨਾਂ ਦੀ ਕਾਣੀ ਵੰਡ, ਜਾਤ-ਪਾਤ ਤੇ ਊਚ-ਨੀਚ ਜਿਹੀਆਂ ਅਲਾਮਤਾਂ ਦਾ ਆਧਾਰ ਬਣਦੀ ਹੈ। ਭਾਰਤ ਵਰਗੇ ਜਮਾਤੀ ਸਮਾਜ ਵਿਚ ਆਰਥਿਕ ਤੌਰ 'ਤੇ ਸੰਪੰਨ ਵਰਗ ਨੇ ਆਪਣੀ ਸਮਾਜ-ਸਭਿਆਚਾਰਕ ਸੱਤਾ ਦੀ ਬਹਾਲੀ ਲਈ ਬਹੁਤ ਸਾਰੇ ਅਜਿਹੇ ਅਖੌਤੀ ਸਭਿਆਚਾਰਕ ਪ੍ਰਤੀਮਾਨਾਂ ਦੀ ਸਿਰਜਨਾ ਕੀਤੀ, ਜਿਹੜੇ ਆਰਥਿਕ ਪੱਖੋਂ ਹੀਣੇ ਲੋਕਾਂ ਦੀ ਹੋਣੀ ਬਣਾ ਦਿੱਤੇ ਗਏ। 'ਜਮਾਤੀ ਸਮਾਜ ਦੀ ਬਣਤਰ, ਕਾਬਜ਼ ਜਮਾਤ ਦੀ ਵਿਚਾਰਧਾਰਾ ਅਤੇ ਜੀਵਨ-ਦ੍ਰਿਸ਼ਟੀਕੋਣ ਸਮੁੱਚੇ ਸਮਾਜਿਕ-ਆਰਥਿਕ ਹੀ ਨਹੀਂ, ਸਗੋਂ ਸਭਿਆਚਾਰਕ ਪ੍ਰਬੰਧ ਨੂੰ ਵੀ ਆਪਣੇ ਜਮਾਤੀ ਹਿੱਤਾਂ ਅਨੁਕੂਲ ਸਿਰਜਦੇ, ਬਦਲਦੇ ਅਤੇ ਸਥਾਪਿਤ ਕਰਦੇ ਹਨ। ਨਿੱਜੀ-ਜਾਇਦਾਦ ਦੇ ਵਿਭਿੰਨ ਰੂਪਾਂ 'ਤੇ ਆਧਾਰਿਤ ਸ਼ਾਸਕ ਵਰਗ ਜਦੋਂ ਮੂਲ ਸਮਾਜੀ ਅਤੇ ਸਭਿਆਚਾਰਕ ਪ੍ਰਸੰਗਾਂ ਵਿਚ ਵਿਕਾਸ ਦੇ ਵੇਗ ਅਨੁਕੂਲ ਆਪਣੇ ਹਿੱਤਾਂ ਦੀ ਪੂਰਤੀ ਕਰਨ ਤੋਂ ਅਸਮਰੱਥ ਰਹਿ ਜਾਂਦੇ ਹਨ ਤਾਂ ਵਿਭਿੰਨ ਰਾਜਸੀ, ਆਰਥਿਕ, ਨਿਆਇਕ, ਅਤੇ ਵਿਦਿਅਕ ਸੰਸਥਾਵਾਂ ਰਾਹੀਂ ਇਸ ਵਿਕਾਸ ਦੇ ਵੇਗ ਨੂੰ ਰੋਕ ਕੇ, ਵਕਤ ਵਿਹਾ ਚੁੱਕੇ ਮਨੁੱਖ-ਵਿਰੋਧੀ, ਸਮਾਜ-ਵਿਰੋਧੀ ਰਿਸ਼ਤੇ, ਕੀਮਤਾਂ, ਪ੍ਰਤਿਮਾਨ, ਮਰਯਾਦਾਵਾਂ ਨੂੰ ਲਾਗੂ ਕਰਨ, ਸਥਾਪਿਤ ਕਰਨ ਦੇ ਯਤਨ ਕਰਦੇ ਹਨ।'[1] ਜਿਸ ਕਾਰਨ ਸਮਾਜ-ਸਭਿਆਚਾਰ ਦੇ ਨੈਤਿਕ ਮੁੱਲ ਵਿਧਾਨ ਵਿਚ ਵਿਗਠਨ ਵਾਪਰਦਾ ਹੈ।

ਆਰਥਿਕ ਸਾਧਨਾਂ ਦੀ ਕਾਣੀ ਵੰਡ 'ਤੇ ਉਸਰਿਆ ਸਮਾਜ-ਸਭਿਆਚਾਰਕ ਕੀਮਤ-ਪ੍ਰਬੰਧ 'ਸੱਤ ਬਗਾਨੇ' ਨਾਟਕ ਦੇ ਅਵਚੇਤਨ ਵਿਚ ਪਿਆ ਹੈ। ਵੇਲਾ ਵਿਹਾ ਚੁੱਕੀਆਂ ਜਿਨ੍ਹਾਂ ਕਦਰਾਂ-ਕੀਮਤਾਂ ਨੂੰ ਸਭਿਆਚਾਰ ਦੀ ਅਖੌਤੀ ਨੈਤਿਕਤਾ ਬਣਾ ਕੇ ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰ ਦੇ ਸਾਧਾਰਨ ਲੋਕਾਂ 'ਤੇ ਥੋਪਿਆ ਜਾ ਰਿਹਾ ਹੈ, ਇਨ੍ਹਾਂ ਸਭਨਾਂ ਨੂੰ ਨਕਾਰਣ ਦਾ ਅਚੇਤ-ਸੁਚੇਤ ਕਾਰਜ ਇਹ ਨਾਟਕ

---

* ਰਿਸਰਚ ਸਕਾਲਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਕਰ ਰਿਹਾ ਹੈ। ਬੇਸ਼ੱਕ 'ਸੱਤ ਬਗਾਨੇ' ਦੇ ਸਮੁੱਚੇ ਪਾਠ ਵਿੱਚੋਂ "ਕੁਸ ਨੀ ਭਰਾਵੋ ਜੂਨਾਂ, ਘਰ ਦੀ ਨਾਰ ਬਿਨਾਂ.... ।" ਦੀ ਧੁਨੀ ਉੱਚੀ ਸੁਰ ਵਿਚ ਗੂੰਜਦੀ ਹੈ, ਪਰੰਤੂ ਇਸ ਨਾਟਕ ਦੇ ਅਵਚੇਤਨ ਵਿਚ ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰ ਦੀਆਂ ਬੋਦੀਆਂ ਤੇ ਵੇਲਾ ਵਿਹਾ ਚੁੱਕੀਆਂ ਕਦਰਾਂ-ਕੀਮਤਾਂ ਪਈਆਂ ਹਨ, ਜਿਹੜੀਆਂ ਨਾਟਕ ਵਿਚਲੇ ਦੁਖਾਂਤ ਨੂੰ ਵਿਕਰਾਲ ਰੂਪ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਨਾਟਕ 'ਔਰਤ ਦੇ ਦੁਖਾਂਤ' ਨਾਲੋਂ 'ਸਭਿਆਚਾਰਕ ਦੁਖਾਂਤ' ਨੂੰ ਵਧੇਰੇ ਸਿੱਦਤ ਨਾਲ ਉਸਾਰਦਾ ਹੈ। ਇਸ ਸਭਿਆਚਾਰਕ ਦੁਖਾਂਤ ਦਾ ਆਧਾਰ ਲੜਖੜਾਈ ਆਰਥਿਕਤਾ ਤੇ ਜਾਤ-ਪਾਤ ਦੀ ਚੀੜ੍ਹੀ ਸੰਸਥਾ ਬਣਦੀ ਹੈ। ਆਰਥਿਕਤਾ ਦੀ ਕਾਣੀ ਵੰਡ 'ਤੇ ਉਸਰੇ ਭਾਰਤੀ/ਪੰਜਾਬੀ ਸਮਾਜ-ਸਭਿਆਚਾਰਕ ਪ੍ਰਤੀਮਾਨਾਂ ਵਿਚੋਂ ਜਾਤ-ਪਾਤ ਦੀ ਚੀੜ੍ਹੀ ਸੰਸਥਾ ਨਾਲ ਜੁੜੇ ਪ੍ਰਤੀਮਾਨ ਪ੍ਰਮੁੱਖ ਰੂਪ ਵਿਚ ਸਾਹਮਣੇ ਆਉਂਦੇ ਹਨ। ਇਨ੍ਹਾਂ ਪ੍ਰਤੀਮਾਨਾਂ ਦੀ ਉਲੰਘਣਾ ਕਾਰਨ ਹੀ 'ਸੱਤ ਬਗਾਨੇ' ਨਾਟਕ ਵਿਚਲਾ ਸਭਿਆਚਾਰਕ ਦੁਖਾਂਤ ਵਿਕਰਾਲ ਰੂਪ ਧਾਰਦਾ ਹੈ।

'ਸੱਤ ਬਗਾਨੇ' ਨਾਟਕ ਦੀ ਮੂਲ ਸਮੱਸਿਆ ਸਭਿਆਚਾਰਕ ਮੁੱਲ-ਵਿਧਾਨ ਨੂੰ ਨਜ਼ਰ ਅੰਦਾਜ਼ ਕਰਕੇ ਬਚਨ ਸਿੰਘ ਤੇ ਜੈਕੁਰ ਦਾ ਆਪਣੇ ਪਿਆਰ ਨੂੰ ਪ੍ਰਵਾਨ ਚੜ੍ਹਾਉਣ ਲਈ ਪਿੰਡ ਦੇ ਲੋਕਾਂ ਦੀ ਪਰਵਾਹ ਕੀਤੇ ਬਿਨਾਂ ਵਿਆਹ ਕਰਵਾਉਣਾ ਹੈ। ਦੋਹਰਾ ਸੰਕਟ ਇਹ ਹੈ ਕਿ ਉਹ ਦੋਵੇਂ ਇਕੋ ਪਿੰਡ ਦੇ ਹੀ ਨਹੀਂ ਸਗੋਂ ਅਖੌਤੀ ਉੱਚੀ ਤੇ ਨਵੀਂ ਜਾਤ ਦੇ ਵੀ ਹਨ। ਬਚਨ ਸਿੰਘ 'ਜੱਟ' ਹੈ ਤੇ ਜੈਕੁਰ 'ਝਿਉਰੀ'। ਪੰਜਾਬ ਦੇ ਪੇਂਡੂ ਸਮਾਜ-ਸਭਿਆਚਾਰਕ ਮੁੱਲ-ਵਿਧਾਨ ਅਨੁਸਾਰ ਇਕੋ ਪਿੰਡ ਤੇ ਮੁੰਡਾ-ਕੁੜੀ ਆਪਸ ਵਿਚ ਵਿਆਹ ਨਹੀਂ ਕਰਵਾ ਸਕਦੇ। ਵੱਖ-ਵੱਖ ਜਾਤਾਂ ਤੇ ਉਹ ਵੀ ਅਖੌਤੀ ਉੱਚੀ ਤੇ ਨੀਵੀਂ ਜਾਤ ਦੇ ਮੁੰਡੇ-ਕੁੜੀ ਦਾ ਵਿਆਹ ਇਕੋ ਪਿੰਡ ਵਿਚ ਸੰਭਵ ਨਹੀਂ ਹੈ ਪਰੰਤੂ 'ਬਚਨਾ' ਤੇ 'ਜੈਕੁਰ' ਜਾਤ-ਪਾਤ ਦੀ ਚੀੜ੍ਹੀ ਸੰਸਥਾ ਨੂੰ ਚੁਣੌਤੀ ਦੇ ਕੇ ਨਾ ਕੇਵਲ ਵਿਆਹ ਕਰਵਾਉਂਦੇ ਹਨ ਸਗੋਂ ਪਿੰਡ ਵਿਚ ਹੀ ਵਸਦੇ ਹਨ। ਨਾਟਕ ਵਿਚਲਾ ਸੰਕਟ ਉਦੋਂ ਭਿਆਨਕ ਰੂਪ ਧਾਰਦਾ ਹੈ ਜਦੋਂ ਪਿੰਡ ਦੇ ਲੋਕ ਇਸ ਵਿਆਹ ਨੂੰ ਮਾਨਤਾ ਨਹੀਂ ਦਿੰਦੇ, ਉਨ੍ਹਾਂ ਦੀ ਨਜ਼ਰ ਵਿਚ ਇਹ ਵਿਆਹ ਪਿੰਡ ਲਈ ਨਮੋਸ਼ੀ ਹੈ:

**ਦੂਜਾ ਗੱਭਰੂ** : ਲੋਕੀਂ ਦੰਦੀ ਜੀਭਾਂ ਟੁੱਕੀਆਂ,
ਆਹ ਕੀ ਲੋਹੜਾ ਆਇਆ।
ਪਿੰਡ ਦੀ ਧੀ ਵਿਚ ਪਿੰਡ ਦੇ ਵਸਗੀ,
ਬਚਨਿਆ ਕਹਿਰ ਕਮਾਇਆ।
ਪਿੰਡ ਦਾ ਨੱਕ ਵੱਢ 'ਤਾ....,
ਜੱਟ, ਝਿਊਰੀ ਲੈ ਆਇਆ।[2]

ਇਓਂ ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰ ਵਿਚ 'ਜੱਟ' ਵੱਲੋਂ 'ਝਿਊਰੀ'ਨੂੰ ਘਰ ਵਸਾ ਲੈਣ ਕਾਰਨ ਹੀ ਪਰਿਵਾਰਕ ਦੁਖਾਂਤ ਵਾਪਰਦਾ ਹੈ, ਜਿਹੜਾ ਪੀੜ੍ਹੀ ਦਰ ਪੀੜ੍ਹੀ ਤੱਕ ਉਸ ਪਰਿਵਾਰ ਨੂੰ ਆਪਣੇ ਨਾਗਵਲ ਵਿਚੋਂ ਨਿਕਲਣ ਨਹੀਂ ਦਿੰਦਾ। ਜਾਤ-ਪਾਤ ਦੀ ਚੀੜ੍ਹੀ ਸੰਸਥਾ ਵਿਚੋਂ ਪੈਦਾ ਹੋਏ ਸਭਿਆਚਾਰਕ ਸੰਕਟ ਦੀ ਪਹਿਲੀ ਪਰਤ ਜੈਕੁਰ ਨਾਲੋ ਉਸ ਦੇ ਪਰਿਵਾਰ ਵੱਲੋਂ ਕੀਤੇ ਤੋੜ-ਵਿਛੋੜੇ ਵਿਚ ਖੁਲ੍ਹਦੀ ਹੈ। ਜੈਕੁਰ ਦਾ ਪਰਿਵਾਰ ਆਰਥਿਕ ਪੱਖੋਂ ਹੀ ਹੀਣਾ ਨਹੀਂ ਸਗੋਂ ਸਮਾਜ-ਸਭਿਆਚਾਰਕ ਤੌਰ 'ਤੇ ਵੀ ਹਾਸ਼ੀਏ'ਤੇ ਧੱਕਿਆ ਹੋਇਆ ਹੈ। ਜਿਸ ਕਰਕੇ ਜੈਕੁਰ ਦਾ ਬਾਪ ਆਪਣੀ ਧੀ ਨੂੰ ਸਭਿਆਚਾਰਕ ਨੈਤਿਕਤਾ ਦਾ ਭੰਜਨ ਕਰਨ 'ਤੇ ਕੋਈ ਸਰੀਰਕ ਸਜ਼ਾ ਨਹੀਂ ਦਿੰਦਾ ਤੇ ਨਾ ਹੀ ਉਸ ਦਾ ਕਤਲ ਕਰਦਾ ਹੈ, ਸਗੋਂ ਬਦਸੀਸ ਦਿੰਦਾ ਹੈ :

ਜੈ ਕੁਰ ਦਾ ਪਿਉ : ਲੈ ਜੈਕੁਰੇ, ਜਿਹੜਾ ਤੈਂ ਭਾਈਆਂ ਦਾ ਨੱਕ ਵਢਿਐ, ਪਿਉ ਦੀ ਪੱਗ ਰੋਲੀ ਐ, ਸੁਖ ਨੀਂ ਪਾਏਂਗੀ। ਆਹਲੀ ਨ੍ਹੀਂ ਜਾਂਦੀ ਬੁੱਢੇ ਬਾਪ ਦੀ ਬਦਸੀਸ।[3]

ਜੈਕੁਰ ਦੇ ਬਾਪ ਦੀ ਇਹ ਆਰਥਕ ਤੇ ਸਮਾਜ-ਸਭਿਆਚਾਰਕ ਸਥਿਤੀ ਹੀ ਹੈ ਕਿ ਉਹ ਸਿਰਫ਼ ਬਦਸੀਸ ਹੀ ਦੇ ਸਕਦਾ ਹੈ, ਇਸ ਤੋਂ ਵੱਧ ਉਹ ਕੁਝ ਨਹੀਂ ਕਰ ਸਕਦਾ। ਸੰਭਵ ਹੈ, ਜੇ ਉਹ ਆਰਥਿਕ ਤੇ ਸਭਿਆਚਾਰਕ ਤੌਰ 'ਤੇ ਸੰਪੰਨ ਹੁੰਦਾ ਤਾਂ ਉਹ ਜੈਕੁਰ ਤੇ ਬਚਨੇ ਨੂੰ ਕਤਲ ਕਰ ਦਿੰਦਾ ਤੇ ਕਤਲ ਦੀ ਬਣਦੀ ਸਜਾ ਕਟਦਾ ਪਰੰਤੂ ਸਥਿਤੀਆਂ ਵਸ ਉਹ ਅਜਿਹਾ ਕਰਨ ਤੋਂ ਅਸਮਰੱਥ ਹੈ।

ਪੰਜਾਬ ਦੇ ਪੇਂਡੂ ਸਮਾਜ-ਸਭਿਆਚਾਰਕ ਪ੍ਰਤੀਮਾਨਾਂ ਅਨੁਸਾਰ ਜੈਕੁਰ 'ਭਾਈਆਂ ਦਾ ਨੱਕ ਵੱਢਣ' ਤੇ 'ਪਿਉ ਦੀ ਪੱਗ ਰੋਲਣ' ਸਦਕਾ ਸਭਿਆਚਾਰਕ ਨੈਤਿਕਤਾ ਨੂੰ ਉਲੰਘਦੀ ਹੈ। ਉਸ ਦੇ ਪਰਿਵਾਰ ਵੱਲੋਂ ਇਸ ਜੁਰਮ ਦੀ ਸਜ਼ਾ ਜੈਕੁਰ ਨੂੰ ਪਰਿਵਾਰ ਵਿਚੋਂ ਛੇਕ ਕੇ, ਉਸ ਨਾਲੋਂ ਸਦਾ ਲਈ ਨਾਤਾ ਤੋੜ ਲੈਣ ਵਿਚ ਤੈਅ ਕੀਤੀ ਜਾਂਦੀ ਹੈ। ਸਜ਼ਾ ਇਥੇ ਹੀ ਖ਼ਤਮ ਨਹੀਂ ਹੁੰਦੀ ਸਗੋਂ ਪੇਂਡੂ ਸਮਾਜ-ਸਭਿਆਚਾਰ ਦੀ ਚੀੜ੍ਹੀ ਜਾਤ-ਪਾਤ ਆਧਾਰਿਤ ਵਿਵਸਥਾ ਜੈਕੁਰ ਨੂੰ ਜੱਟ ਪਰਿਵਾਰ ਵਿਚ ਸਵੀਕਾਰ ਨਹੀਂ ਹੋਣ ਦਿੰਦੀ। ਬਚਨੇ ਨਾਲ ਵੀ ਘੱਟ ਨਹੀਂ

ਹੁੰਦੀ। ਸਭਿਆਚਾਰਕ ਪ੍ਰਤੀਮਾਨਾਂ ਦੀ ਕੀਤੀ ਉਲੰਘਣਾ ਦਾ ਹਰਜਾਨਾ ਬਚਨੇ ਤੇ ਜੈਕੁਰ ਨੂੰ ਹੀ ਨਹੀਂ ਭੁਗਤਣਾ ਪੈਂਦਾ ਸਗੋਂ ਉਨ੍ਹਾਂ ਦੀ ਔਲਾਦ ਨੂੰ ਵੀ ਭੁਗਤਣਾ ਪੈਂਦਾ ਹੈ। ਇਹ ਹਰਜਾਨਾ ਇੰਨਾ ਮੂੰਹ ਜ਼ੋਰ ਹੈ ਕਿ ਇਹ ਪਰਿਵਾਰ ਵਿਆਹ ਸੰਬੰਧਾਂ ਵਿਚ ਅੜਿਕਾ ਬਣ ਕੇ ਪਰਿਵਾਰ ਦੇ ਜੀਆਂ ਦੇ 'ਘਰ ਦੀ ਨਾਰ', 'ਜੱਗ ਵਿਚ ਸੀਰ' ਤੇ 'ਜੱਗ ਵਿਚ ਵੇਲ ਵਧਣ' ਜਿਹੇ ਸੁਪਨਿਆਂ ਨੂੰ ਚਕਨਾਚੂਰ ਕਰ ਦਿੰਦਾ ਹੈ।

'ਸੱਤ ਬਗਾਨੇ' ਨਾਟਕ ਵਿਚਲਾ ਸਭਿਆਚਾਰਕ ਦੁਖਾਂਤ ਉਦੋਂ ਵਿਕਰਾਲ ਰੂਪ ਧਾਰਦਾ ਹੈ ਜਦੋਂ ਤੀਹ ਸਾਲ ਲੰਘ ਜਾਣ ਦੇ ਬਾਵਜੂਦ ਵੀ 'ਬਚਨੇ' ਤੇ 'ਜੈ ਕੁਰ' ਦੇ ਪਿਆਰ ਵਾਲਾ ਕਿੱਸਾ ਪੇਂਡੂ ਸਮਾਜ ਦੇ ਸਭਿਆਚਾਰਕ-ਅਵਚੇਤਨ ਵਿਚੋਂ ਮਨਫ਼ੀ ਨਹੀਂ ਹੁੰਦਾ ਸਗੋਂ ਵਧੇਰੇ ਪ੍ਰਬਲ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸ ਦੁਖਾਂਤ ਦਾ ਕੇਂਦਰੀ ਸੂਤਰ ਇਹ ਹੈ ਕਿ ਤੀਹ ਸਾਲ ਜੱਟ ਦੇ ਘਰ ਵਸ ਕੇ ਵੀ ਜੈ ਕੁਰ ਝਿਉਰੀ ਦੀ ਝਿਉਰੀ ਹੀ ਰਹਿੰਦੀ ਹੈ, ਜੱਟੀ ਨਹੀਂ ਬਣਦੀ। ਜੇ ਮਸਲਾ ਸਿਰਫ਼ ਆਰਥਿਕਤਾ ਦਾ ਹੀ ਹੁੰਦਾ ਤਾਂ ਜੈ ਕੁਰ, ਬਚਨੇ ਦੇ ਘਰ ਵਸਕੇ ਆਰਥਿਕ ਤੌਰ 'ਤੇ ਤਾਂ ਸੰਪੰਨ ਹੋ ਗਈ ਸੀ ਉਸਨੂੰ ਵੀ ਉਹੀ ਮਾਨ-ਸਨਮਾਨ ਮਿਲਣਾ ਚਾਹੀਦਾ ਸੀ ਜਿਹੜਾ ਇੱਕ ਜੱਟ ਪਰਿਵਾਰ ਦੀ ਔਰਤ ਨੂੰ ਮਿਲਦਾ ਹੈ ਪਰੰਤੂ ਇਥੇ ਮਸਲਾ ਸਿਰਫ਼ ਆਰਥਿਕਤਾ ਦਾ ਨਹੀਂ ਸਗੋਂ ਆਰਥਿਕ ਸਾਧਨਾਂ ਦੀ ਕਾਣੀ ਵੰਡ 'ਤੇ ਉਸਰੇ ਸਮਾਜ-ਸਭਿਆਚਾਰ ਪ੍ਰਤੀਮਾਨਾਂ ਦਾ ਹੈ। ਇਨ੍ਹਾਂ ਸਮਾਜ-ਸਭਿਆਚਾਰਕ ਪ੍ਰਤੀਮਾਨਾਂ ਵਿਚੋਂ ਵੀ ਜਾਤ-ਪਾਤ ਨਾਲ ਜੁੜੇ ਪ੍ਰਤੀਮਾਨ ਪ੍ਰਮੁੱਖਤਾ ਹਾਸਲ ਕਰਦੇ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਪ੍ਰਤੀਮਾਨਾਂ ਦੀ ਉਲੰਘਣਾ ਕਰਨ ਵਾਲੇ ਬਚਨੇ ਤੇ ਜੈਕੁਰ ਦੇ ਕਾਰਨਾਮੇ ਨੂੰ ਪਿੰਡ ਦੇ ਲੋਕਾਂ ਨੇ ਆਪਣੇ ਅਵਚੇਤਨ ਵਿਚੋਂ ਮਨਫ਼ੀ ਨਹੀਂ ਕੀਤਾ। ਜਿਸਦੇ ਸਿੱਟੇ ਵਜੋਂ ਬਚਨੇ ਤੇ ਜੈਕੁਰ ਦੇ ਥੰਮੀਆਂ ਵਰਗੇ ਚਾਰੇ ਪੁਤਰਾਂ ਵਿਚੋਂ ਕਿਸੇ ਨੂੰ ਵੀ ਪੁੰਨ ਦਾ ਸਾਕ ਨਹੀਂ ਹੁੰਦਾ। ਆਪਣੇ ਪੁੱਤਰ ਨਾਹਰੀ ਲਈ ਜਦੋਂ ਜੈਕੁਰ, ਮਰਾਝੋ ਨੂੰ ਉਸਦੀ ਛੋਟੀ ਭੈਣ ਦਾ ਸਾਕ ਕਰਾਉਣ ਲਈ ਤਰਲਾ ਕਰਦੀ ਹੈ ਤਾਂ ਉਹ ਅੱਗੋਂ ਜਵਾਬ ਦਿੰਦੀ ਹੈ -

ਮਰਾਝੋ : ਮੈਂ ਤਾਂ ਤੇਰੇ ਕਹੇ ਤੋਂ ਬਿਨਾਂ ਈ ਕਈ ਵਾਰ ਛੇੜ ਕੇ ਵੇਖੀ ਐ ਗੱਲ ਮੇਰੇ ਬਾਪੂ ਨਾਲ। ਪਰ ਉਹ ਕੰਨ੍ਹਾਂ ਨੀਂ ਲਾਉਂਦਾ। ਬਸ ਤੇਰਾ ਤੇ ਬਾਬਾ ਜੀ ਆਲਾ ਅੜਿਕਾ ਮੂਹਰੇ ਆ ਅੜਦੈ। ਅਖੇ, ਜੇ ਕੋਈ ਮੁੰਡੇ ਦੇ ਨਾਨਕੇ ਪੁੱਛੇ ਕੀ ਦੱਸਾਂਗੇ? ਬਈ ਮੁੰਡੇ ਦੀ ਮਾਂ.....ਬਦਨਾਮੀ ਆਲੀ.... ।[4]

ਇਸ ਦੇ ਬਾਵਜੂਦ ਜੇ ਹਜ਼ਾਰਾਂ ਪਾਪੜ ਵੇਲ ਕੇ ਨਾਹਰੀ ਲਈ ਪੰਜ ਹਜ਼ਾਰ ਰੁਪਏ ਵਿਚ ਕਿਸੇ ਥੁੜ੍ਹੇ ਘਰ ਦੀ ਕੁੜੀ ਦਾ ਰਿਸ਼ਤਾ ਪੱਕਾ ਹੁੰਦਾ ਵੀ ਹੈ ਤਾਂ ਪਿੰਡ ਵਿਚੋਂ ਸ਼ਰੀਕ 'ਘੋਗਾ' ਤੇ 'ਚੰਦੂ ਚੁਗਲਖੋਰ' ਸਿਰੇ ਨਹੀਂ ਚੜ੍ਹਨ ਦਿੰਦੇ। ਉਹ ਨਾਹਰੀ ਦੇ ਛੜੇ ਚਾਚੇ 'ਭੰਗੇ' ਨੂੰ ਵਰਗਲਾ ਕੇ ਪਹਿਲਾਂ ਉਸਦੇ ਹਿੱਸੇ ਦੀ ਅੱਠ ਕਿੱਲੇ ਜ਼ਮੀਨ ਵੰਡਾ ਕੇ ਅੱਡ ਕਰਦੇ ਹਨ ਤੇ ਫਿਰ ਨਾਹਰੀ ਦੀ ਮੰਗ (ਮੰਗੇਤਰ) ਨੂੰ ਵੱਧ ਪੈਸੇ ਦੇ ਕੇ ਵਿਆਹ ਲਿਆਉਣ ਦਾ ਪੱਤਾ ਖੇਡਦੇ ਹਨ। ਘੋਗਾ, ਚੰਦੂ ਚੁਗਲਖੋਰ ਦੀਆਂ ਗੱਲਾਂ ਵਿਚ ਆ ਕੇ, ਨਾਹਰੀ ਦਾ ਰਿਸ਼ਤਾ ਤੁੜਵਾ ਕੇ ਨਾਹਰੀ ਤੋਂ ਬਦਲਾ ਲੈਣ ਦਾ ਭਰਮ ਸਿਰਜਦਾ ਹੈ, ਕਿਉਂਕਿ ਘੋਗੇ ਦੀ ਪਤਨੀ 'ਮਿੰਦੋ' ਦੇ ਨਾਹਰੀ ਨਾਲ ਸਰੀਰਿਕ ਸੰਬੰਧ ਹਨ। 'ਮਿੰਦੋ' ਨਾਹਰੀ ਨਾਲ ਸਰੀਰਿਕ ਸੰਬੰਧ ਇਸ ਕਰਕੇ ਬਣਾਉਂਦੀ ਹੈ, ਕਿਉਂਕਿ 'ਘੋਗਾ' ਨਿਪੁੰਸਕ' ਹੈ। ਇਸਦੇ ਬਾਵਜੂਦ ਘੋਗਾ ਨਹੀਂ ਚਾਹੁੰਦਾ ਕਿ ਉਸ ਦੀ ਪਤਨੀ ਨਾਹਰੀ ਨਾਲ ਸਰੀਰਿਕ ਸੰਬੰਧ ਰੱਖੇ ਕਿਉਂਕਿ ਅਜਿਹਾ ਕਰਨ ਨਾਲ ਉਸਦੀ ਮਰਦਾਵੀਂ ਹਉਂ, ਇੱਜ਼ਤ, ਅਣਖ ਨੂੰ ਸੱਟ ਵਜਦੀ ਹੈ। ਇਸ ਅਖੌਤੀ ਹਉਂ, ਇੱਜ਼ਤ, ਅਣਖ ਦੀ ਬਹਾਲੀ ਲਈ ਉਹ ਨਾਹਰੀ ਦਾ ਰਿਸ਼ਤਾ ਤੁੜਵਾ ਕੇ ਉਸਦੀ ਮੰਗ ਨੂੰ ਉਸੇ ਦੇ ਚਾਚੇ ਭੰਗੇ ਦੇ ਘਰ ਵਸਾਉਣ ਵਿਚ ਮਦਦ ਕਰਦਾ ਹੈ। ਜਦੋਂ ਨਾਹਰੀ ਨੂੰ ਇਸ ਦਾ ਪਤਾ ਲਗਦਾ ਹੈ ਕਿ ਉਸਦੀ ਮੰਗ ਨੂੰ ਉਸਦਾ ਆਪਣਾ ਚਾਚਾ ਭੰਗਾ ਵਿਆਹ ਲਿਆਇਆ ਹੈ ਤਾਂ ਨਾਹਰੀ ਵੀ ਆਪਣੀ ਮਰਦਾਵੀਂ ਹਉਂ, ਇੱਜ਼ਤ, ਅਣਖ ਦੀ ਸਲਾਮਤੀ ਲਈ ਆਪਣੇ ਚਾਚੇ ਦਾ ਕਤਲ ਕਰਕੇ ਫਾਹੇ ਲੱਗ ਜਾਂਦਾ ਹੈ। ਕਤਲ ਕੇਸ ਵਿਚ ਉਲਝੇ ਬਚਨੇ ਤੇ ਜੈਕੁਰ ਦਾ ਪਰਿਵਾਰ ਥਾਣਿਆਂ-ਕਚਹਿਰੀਆਂ ਦੇ ਚੱਕਰਾਂ ਵਿਚ ਰਹਿੰਦੀ ਜ਼ਮੀਨ ਵੀ ਗੁਆ ਲੈਂਦਾ ਹੈ ਤੇ ਵਸਦਾ ਰਸਦਾ ਘਰ ਤੂੜੀ ਵਾਲੇ ਕੋਠੇ ਵਿਚ ਤਬਦੀਲ ਹੋ ਜਾਂਦਾ ਹੈ। ਅਖੌਤੀ ਹਉਂ, ਇੱਜ਼ਤ ਤੇ ਅਣਖ ਦੀ ਬਹਾਲੀ ਲਈ ਕੀਤਾ ਕਤਲ ਸਾਰੇ ਪਰਿਵਾਰ ਨਾਲ ਨਰਕ ਵਰਗੀ ਜੂਨ ਕੱਟਣ 'ਤੇ ਮਜਬੂਰ ਕਰ ਦਿੰਦਾ ਹੈ।। ਅਜਿਹੇ ਦੁਖਾਂਤ ਭਰੇ ਜੀਵਨ ਦੀ ਵਿਕਰਾਲਤਾ ਤੋਂ ਦੁਖੀ ਹੋਇਆ ਧਰਮਾ, ਕਰਮੇ ਨੂੰ ਆਖਦਾ ਹੈ :-

ਕਰਮਾ : ....ਨਾਹਰੀ ਨੇ ਚਾਚਾ ਮਾਰਕੇ...ਆਪਾਂ ਮੰਗਤੇ ਬਣਾਤੇ.... ।[5]

ਇਸ ਤਰ੍ਹਾਂ ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰ ਵਿਚ ਨਿਮਨ ਕਿਸਾਨੀ ਵਰਗ ਦੀ ਅਖੌਤੀ ਹਉਂ, ਅਣਖ, ਇੱਜ਼ਤ ਤੇ ਜੱਟ ਦੇ ਖੋਰ ਜਿਹੇ ਭੂਪਵਾਦੀ ਸੰਕਲਪ ਨਾਟਕ 'ਸੱਤ ਬਗਾਨੇ' ਵਿਚਲੇ ਦੁਖਾਂਤ ਨੂੰ ਹੋਰ ਗਹਿਰਾ ਕਰ ਦਿੰਦੇ ਹਨ। ਨਾਟਕ ਵਿਚ ਔਰਤ ਜਿਸ ਮਰਦ ਦੀ ਪਤਨੀ ਜਾਂ ਮੰਗ ਹੈ। ਉਹ, ਉਸ ਲਈ ਇੱਜ਼ਤ, ਅਣਖ ਦਾ ਪ੍ਰਤੀਕ ਬਣ ਕੇ ਪੇਸ਼ ਹੁੰਦੀ ਹੈ। ਜਦੋਂ ਮਰਦ ਨੂੰ ਇਸ ਗੱਲ ਦਾ ਪਤਾ

ਲਗਦਾ ਹੈ ਕਿ ਉਸਦੀ ਪਤਨੀ ਜਾਂ ਮੰਗ ਕਿਸੇ ਹੋਰ ਮਰਦ ਦੀ ਬਣ ਗਈ ਹੈ ਤਾਂ ਉਸ ਵਿਚਲੀ ਮਰਦਾਵੀਂ ਹਉਂ ਜਾਗਦੀ ਹੈ। ਇਹ ਹਉਂ ਉਸਨੂੰ ਆਪਣੀ ਅਖੌਤੀ ਅਣਖ, ਇੱਜ਼ਤ ਲਈ 'ਕਤਲ' ਕਰਨ ਤੱਕ ਲੈ ਜਾਂਦੀ ਹੈ। ਉਸ ਨੂੰ ਜਾਪਦਾ ਹੈ ਕਿ 'ਕਤਲ' ਹੀ ਇੱਜ਼ਤ, ਅਣਖ ਦੀ ਬਹਾਲੀ ਦਾ ਇਕੋ-ਇਕ ਸਾਧਨ ਹੈ। ਅਜਮੇਰ ਸਿੰਘ ਔਲਖ 'ਸੱਤ ਬਗਾਨੇ' ਨਾਟਕ ਵਿਚ 'ਇਸ ਇੱਜ਼ਤ-ਅਣਖ' ਨੂੰ ਜੱਟ ਦੀ ਸਭਿਆਚਾਰਕ ਨੈਤਿਕਤਾ ਬਣਾ ਕੇ ਪੇਸ਼ ਕਰਨ ਲਈ 'ਘੁੱਕਰ-ਮੇਲ' ਤੇ 'ਦਾਹੂਦ-ਬਾਦਸ਼ਾਹ' ਦੇ ਤੱਥਾਂ ਨਾਲ ਜੋੜ ਕੇ ਵਿਸ਼ੇਸ਼ ਬਣਾ ਦਿੱਤਾ ਹੈ। 'ਘੁੱਕਰ-ਮੇਲ' ਅਤੇ 'ਦਾਹੂਦ-ਬਾਦਸ਼ਾਹ' ਦੇ ਹਵਾਲੇ ਇਸ ਗੱਲ ਨੂੰ ਇਤਿਹਾਸ ਤੱਕ ਜੋੜ ਕੇ ਵਰਤਮਾਨ ਵਿਚ ਪ੍ਰਸੰਗਕ ਬਣਾਉਣ ਵਿਚ ਸਹਾਈ ਹੁੰਦੇ ਹਨ।'* ਇਹ ਲੋਕਧਾਰਕ ਹਵਾਲੇ ਨਾਟਕ ਦੇ ਸਭਿਆਚਾਰਕ ਅਵਚੇਤਨ ਨੂੰ ਸਮਝਣ ਲਈ ਮਹੱਤਵਪੂਰਨ ਨੁਕਤੇ ਵਜੋਂ ਵੀ ਪ੍ਰਸਤੁਤ ਹੁੰਦੇ ਹਨ। ਇਹ ਅਰਥ ਸੰਚਾਰ ਕਰਦੇ ਹਨ ਕਿ ਕਿਵੇਂ ਪੰਜਾਬੀ ਸਭਿਆਚਾਰ ਦੇ ਰੂਪਵਾਦੀ ਅਣਖ, ਇੱਜ਼ਤ, ਹਉਂ ਦੇ ਸੰਕਲਪ ਸਦੀਆਂ ਤੋਂ ਪੰਜਾਬੀ ਸਭਿਆਚਾਰ ਦਾ ਰਿਸ਼ਤਾ-ਨਾਤਾ ਪ੍ਰਬੰਧ ਤੇ ਪੇਂਡੂ ਭਾਈਚਾਰੇ ਦੀਆਂ ਸਦੀਵੀ ਸਾਂਝਾਂ ਲੜ-ਖੜਾਉਂਦੀਆਂ ਰਹੀਆਂ ਹਨ। ਜਿਨ੍ਹਾਂ ਦੀ ਬਹੁਤ ਵੱਡੀ ਕੀਮਤ ਪੰਜਾਬੀ ਭਾਈਚਾਰੇ ਨੂੰ ਤਾਰਨੀ ਪਈ ਹੈ ਪਰੰਤੂ ਅਜੋਕੇ ਪਦਾਰਥ ਦੀ ਬਹੁਲਤਾ ਵਾਲੇ ਦੌਰ ਵਿਚ ਇਹਨਾਂ ਸੰਕਲਪਾਂ ਦੇ ਹਾਸ਼ੀਏ 'ਤੇ ਚਲੇ ਜਾਣ ਦਾ ਪ੍ਰਵਚਨ ਵੀ ਸਨਮੁਖ ਹੋ ਰਿਹਾ ਹੈ।

'ਸੱਤ ਬਗਾਨੇ' ਨਾਟਕ ਦੇ ਸਭਿਆਚਾਰਕ ਅਵਚੇਤਨ ਵਿਚੋਂ ਇਹ ਨੁਕਤਾ ਸਪੱਸ਼ਟ ਹੁੰਦਾ ਹੈ ਕਿ ਗਰਜ਼ਾਂ ਦੇ ਮੂੰਹਜ਼ੋਰ ਵਹਾਅ ਸਾਹਮਣੇ ਸਭਿਆਚਾਰ ਦੀਆਂ ਨਰੋਈਆਂ ਕਦਰਾਂ-ਕੀਮਤਾਂ ਵੀ ਦਮ ਤੋੜ ਦਿੰਦੀਆਂ ਹਨ। ਉਹ ਕਦਰਾਂ-ਕੀਮਤਾਂ ਜਿਨ੍ਹਾਂ ਦੀ ਬਹਾਲੀ ਲਈ ਬੰਦਾ ਕਤਲ ਕਰਨ ਤੱਕ ਗੁਜ਼ਰ ਜਾਂਦਾ ਹੈ ਪਰੰਤੂ ਜਦੋਂ ਸਵਾਲ ਗਰਜ਼ਾਂ/ਲੋੜਾਂ/ਲਾਲਚਾਂ/ਅਕਾਂਖਿਆਵਾਂ ਦਾ ਆਉਂਦਾ ਹੈ ਤਾਂ ਮਰਦਾਵੀਂ ਹਉਂ, ਅਣਖ, ਇੱਜ਼ਤ ਤੇ ਜ਼ੋਰ ਆਦਿ ਸਭ ਹਾਸ਼ੀਏ 'ਤੇ ਚਲੇ ਜਾਂਦੇ ਹਨ। 'ਸੱਤ ਬਗਾਨੇ' ਨਾਟਕ ਅਨੁਸਾਰ ਇਸ ਸਭ ਦਾ ਆਧਾਰ ਕਮਜ਼ੋਰ ਆਰਥਿਕਤਾ ਬਣਦੀ ਹੈ ਜੋ ਸਭਿਆਚਾਰਕ ਪ੍ਰਤੀਮਾਨਾਂ ਦੀ ਭੰਨਤੋੜ ਹੀ ਨਹੀਂ ਕਰਦੀ ਸਗੋਂ ਬੰਦੇ ਨੂੰ ਬਦ ਤੋਂ ਬਦਤਰ ਜੂਨ ਭੋਗਣ ਲਈ ਮਜਬੂਰ ਵੀ ਕਰ ਦਿੰਦੀ ਹੈ। ਪੰਜਾਬ ਦੇ ਪੇਂਡੂ ਸਮਾਜ-ਸਭਿਆਚਾਰ ਵਿਚਲਾ ਰਿਸ਼ਤਾ-ਨਾਤਾ ਪ੍ਰਬੰਧ ਕਿਵੇਂ ਖਸਤਾ ਹੋਈ ਆਰਥਿਕਤਾ ਅਤੇ ਗਰਜ਼ਾਂ ਕਰਕੇ ਲੜਖੜਾ ਜਾਂਦਾ ਹੈ, ਇਸਦੇ ਹਵਾਲੇ 'ਸੱਤ ਬਗਾਨੇ' ਨਾਟਕ ਦੇ ਸਭਿਆਚਾਰਕ ਅਵਚੇਤਨ ਵਿਚੋਂ ਸਪੱਸ਼ਟ ਪਛਾਣੇ ਜਾ ਸਕਦੇ ਹਨ। ਜੈ ਕੁਰ ਆਪਣੇ ਛੜੇ ਦਿਓਰ 'ਭੰਗੇ' ਨਾਲ ਸਰੀਰਿਕ ਸੰਬੰਧ ਇਸ ਲਾਲਚ ਵੱਸ ਬਣਾਉਂਦੀ ਹੈ ਤਾਂ ਕਿ ਉਸ ਦੇ ਹਿੱਸੇ ਦੀ ਅੱਠ ਕਿਲੇ ਜ਼ਮੀਨ ਉਸਦੀ ਆਪਣੀ ਔਲਾਦ ਨੂੰ ਆ ਜਾਵੇ। ਜੈਕੁਰ ਤੇ ਭੰਗੇ ਦੇ ਸਰੀਰਿਕ ਸੰਬੰਧਾਂ ਦਾ ਬਚਨੇ ਨੂੰ ਪਤਾ ਹੈ ਪਰੰਤੂ ਗਰਜ਼ ਇੰਨੀ ਜ਼ੋਰਾਵਰ ਹੈ ਕਿ ਉਸ ਵਿਚਲੀ ਜੱਟਵਾਦੀ ਹਉਂ, ਅਣਖ, ਇੱਜ਼ਤ ਦੀ ਬਹਾਲੀ ਲਈ ਕਿਤੇ ਰੋਹ/ਵਿਦਰੋਹ ਨਹੀਂ ਜਾਗਦਾ। ਇਸੇ ਤਰ੍ਹਾਂ ਲੱਕੜਚੱਬ ਦੀ ਪਤਨੀ ਵੀ ਜ਼ਮੀਨ ਦੇ ਲਾਲਚ ਵਸ ਆਪਣੇ ਛੜੇ ਜੇਠ 'ਇੰਦਰ' ਨਾਲ ਸਰੀਰਿਕ ਸੰਬੰਧ ਬਣਾਉਂਦੀ ਹੈ। ਲੱਕੜਚੱਬ ਨੂੰ ਇਨ੍ਹਾਂ ਸੰਬੰਧਾਂ ਦਾ ਗਿਆਨ ਹੀ ਨਹੀਂ ਸਗੋਂ ਉਹ ਆਪ, ਆਪਣੀ ਪਤਨੀ ਨੂੰ ਇੰਦਰ ਨਾਲ ਸੰਬੰਧ ਬਣਾ ਕੇ ਉਸ ਨੂੰ ਕਾਬੂ ਵਿੱਚ ਰੱਖਣ ਲਈ ਆਖਦਾ ਹੈ। ਅਜੋਕੇ ਪੈਸਾ ਮੁਖੀ ਕਦਰਾਂ-ਕੀਮਤਾਂ ਵਾਲੇ ਸਮਾਜ-ਸਭਿਆਚਾਰਕ ਪਰਿਪੇਖ ਵਿਚ 'ਸੱਤ ਬਗਾਨੇ' ਨਾਟਕ ਵਿਚ ਅਰਥ ਸੰਚਾਰ ਕਰਦਾ ਹੈ ਕਿ ਗਰਜ਼ਾਂ ਵਾਲੇ ਸਮਾਜ-ਸਭਿਆਚਾਰਕ ਪਰਿਵੇਸ਼ ਵਿਚ ਪਰੰਪਰਕ ਸਭਿਆਚਾਰ ਦੀਆਂ ਨਰੋਈਆਂ ਕਦਰਾਂ-ਕੀਮਤਾਂ ਦਾ ਟੁੱਟਣਾ ਲਾਜ਼ਮੀ ਹੋ ਜਾਂਦਾ ਹੈ। ਪੰਜਾਬ ਦੇ ਪੇਂਡੂ ਸਮਾਜ-ਸਭਿਆਚਾਰ ਵਿਚ ਨਿਮਨ ਕਿਸਾਨੀ ਪੀੜ੍ਹੀ ਦਰ ਪੀੜ੍ਹੀ ਵੰਡੀ ਜਾ ਰਹੀ ਜੱਦੀ-ਪੁਸ਼ਤੀ ਜ਼ਮੀਨ ਕਾਰਨ ਅਤਿ ਦੁਖਾਂਤਿਕ ਸਥਿਤੀਆਂ ਦੀ ਭਾਗੀ ਬਣਦੀ ਹੈ। ਉਹ ਆਪਣੀ ਆਰਥਿਕਤਾ ਨੂੰ ਠੁੰਮ੍ਹਣਾ ਦੇਣ ਲਈ ਜੱਦੀ ਜ਼ਮੀਨ ਨੂੰ ਹੋਰ ਨਾ ਵੰਡਣ ਹਿੱਤ ਰਿਸ਼ਤਾ-ਨਾਤਾ ਪ੍ਰਬੰਧ ਦੀਆਂ ਨਰੋਈਆਂ ਕਦਰਾਂ-ਕੀਮਤਾਂ ਦੀ ਭੰਨ ਤੋੜ ਕਰਦੇ ਹਨ, ਜਿਸ ਨਾਲ ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰ ਵਿਚ ਰਿਸ਼ਤਾ-ਨਾਤਾ ਪ੍ਰਬੰਧ ਦੇ ਨਵੇਂ ਸਮੀਕਰਨ ਸਨਮੁੱਖ ਆ ਰਹੇ ਹਨ। ਇਸ ਸਾਰੇ ਵਰਤਾਰੇ ਵਿਚ ਔਰਤ ਅਤਿ ਦੁਖਾਂਤਕ ਸਥਿਤੀਆਂ ਭੋਗਦੀ ਨਜ਼ਰ ਆਉਂਦੀ ਹੈ। ਇਸ ਨਾਟਕ ਦੀ ਪਾਤਰ ਮਰਾਸ਼ੋ ਵੀ ਆਪਣੇ ਦਿਓਰ ਨਾਲ ਇਸੇ ਲਾਲਚ ਕਰਕੇ ਹੀ ਸਰੀਰਿਕ ਸੰਬੰਧ ਬਣਾਉਂਦੀ ਹੈ ਕਿ ਉਸਦੇ ਹਿੱਸੇ ਦੀ ਜ਼ਮੀਨ ਉਸਦੀ ਔਲਾਦ ਨੂੰ ਹੀ ਆਵੇ। ਸਥਿਤੀ ਦਾ ਵਿਅੰਗ ਇਹ ਹੈ ਕਿ ਪੰਜਾਬੀ ਸਭਿਆਚਾਰ ਦੇ ਰਿਸ਼ਤਾ-ਨਾਤਾ ਪ੍ਰਬੰਧ ਵਿਚ ਦਿਓਰ-ਭਰਜਾਈ ਦਾ ਰਿਸ਼ਤਾ ਮਾਂ-ਪੁੱਤ ਦੇ ਰਿਸ਼ਤੇ ਵਾਂਗ ਪਵਿੱਤਰ ਮੰਨਿਆ ਜਾਂਦਾ ਹੈ। ਜੇਠ-ਭਰਜਾਈ ਦਾ ਰਿਸ਼ਤਾ ਭੈਣ-ਭਰਾ ਵਰਗਾ ਤੇ ਨੂੰਹ-ਸਹੁਰੇ ਦਾ ਰਿਸ਼ਤਾ ਪਿਉ-ਧੀ ਦੇ ਰਿਸ਼ਤੇ ਵਰਗਾ ਪਵਿੱਤਰ ਮੰਨਿਆ ਜਾਂਦਾ ਹੈ। ਇਨ੍ਹਾਂ ਪਵਿੱਤਰ ਰਿਸ਼ਤਿਆਂ ਦਰਮਿਆਨ ਸੈਕਸ ਸੰਬੰਧ ਸਥਾਪਿਤ ਕਰਨੇ ਪੰਜਾਬੀ ਸਭਿਆਚਾਰ ਦੇ 'ਟੈਬੂਆਂ' ਨੂੰ ਤੋੜ ਕੇ ਅਨਰਥ ਕਾਰਜ ਕਰਨ ਦੇ ਸਮਾਨ ਹੈ ਪਰੰਤੂ ਲੜਖੜਾਈ ਆਰਥਿਕਤਾ ਤੇ ਗਰਜ਼ਾਂ ਨੂੰ ਇਨ੍ਹਾਂ ਬੋਲਾਂ ਵਿਚੋਂ ਪਛਾਣਿਆ ਜਾ ਸਕਦਾ ਹੈ।-

ਜੈਕੁਰ : ਵੇ ਮਿਹਰੂ ਹੁਣ ਤਾਂ ਛੱਡ ਦੇ ਧੌਲ-ਦਾੜ੍ਹੀਆ ਆਵਦੀ ਨੂੰਹ... ਨ੍ਹੀਂ ਮਰਾਸ਼ੋ ਭੱਜ ਚੱਲੀ। ਦਿਓਰ ਉਡੀਕਦੇ ਕਿ .... ਵੇ ਭਾਈ

ਬਸੰਤਿਆ । ਤੇਰੀ ਕੁੜੀ.... । ਵੇ ਅਰਜਨਾ ! ਤੇਰੀ ਕੁਆਰੀ....ਨੂੰ ਤਮਾਹਾ । ਵੇ ਲੰਬੜਾ!....ਸਰਪੰਚਾ....![7]

ਇਉਂ ਨਾਟਕ 'ਸੱਤ ਬਗਾਨੇ' ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰ ਵਿਚਲੇ 'ਰਿਸ਼ਤਾ-ਨਾਤਾ ਪ੍ਰਬੰਧ' ਅਤੇ 'ਪੇਂਡੂ ਭਾਈਚਾਰਕ ਸਾਂਝ' ਨੂੰ ਆਪਣੀ ਸਭਿਆਚਾਰਕ ਨੈਤਿਕਤਾ ਨੂੰ ਉਲੰਘ ਕੇ ਅਨੈਤਿਕ ਪੱਧਰ 'ਤੇ ਵਿਚਰ ਰਹੇ 'ਗ਼ਰਜਾਂ ਦੇ ਰਿਸ਼ਤਿਆਂ' ਵਜੋਂ ਚਿਤਰਦਾ ਹੈ। ਨਾਟਕ ਇਹ ਮੁੱਦਾ ਪ੍ਰਮੁੱਖਤਾ ਨਾਲ ਉਭਾਰਦਾ ਹੈ ਕਿ ਮਾਲਵੇ ਦੇ ਪੇਂਡੂ ਸਮਾਜ-ਸਭਿਆਚਾਰ ਦੀ ਤਾਣੀ ਐਸੀ ਉਲਝੀ ਹੋਈ ਹੈ ਕਿ ਪਿੰਡ ਦੇ ਆਮ ਬੰਦੇ ਤੋਂ ਲੈ ਕੇ ਪਿੰਡ ਦੇ ਪਤਵੰਤੇ ਤੱਕ ਸਭ ਇਸ ਵਿਚ ਉਲਝੇ ਹੋਏ ਹਨ। ਕਿਵੇਂ ਆਮ ਲੋਕਾਂ ਦਾ ਤਮਾਸ਼ਾ ਬਣਾ ਦਿੱਤਾ ਜਾਂਦਾ ਹੈ ਤੇ ਪਿੰਡ ਦੇ ਧਨੀ ਲੋਕ ਆਪਣੇ ਅਨੈਤਿਕ ਕਾਰਨਾਮਿਆਂ ਨੂੰ ਆਪਣੀ ਆਰਥਿਕਤਾ ਦੇ ਪਰਦੇ ਪਿਛੇ ਛੁਪਾ ਲੈਂਦੇ ਹਨ। ਇਨ੍ਹਾਂ ਸਭ ਪਰਦਿਆਂ ਨੂੰ ਅੱਗੇ ਲਿਆਉਣ ਦਾ ਕਾਰਜ ਇਹ ਨਾਟਕ ਕਰਦਾ ਹੈ। ਇਸ ਨਾਟਕ ਦੀ ਵੱਥ ਵਿਚੋਂ ਇਹ ਵਿਵੇਕ ਗੂੰਜਦਾ ਹੈ ਕਿ ਕਮਜ਼ੋਰ ਆਰਥਿਕਤਾ ਸਭਿਆਚਾਰ ਦੀਆਂ ਨਰੋਈਆਂ ਨੈਤਿਕ ਕਦਰਾਂ-ਕੀਮਤਾਂ ਦੀ ਭੰਨਤੋੜ ਕਰਦੀ ਹੈ ਜਿਸ ਨਾਲ ਸਮਾਜ-ਸਭਿਆਚਾਰ ਵਿਚ ਨਿਘਾਰ ਆਉਂਦਾ ਹੈ। ਆਰਥਿਕ ਬਰਾਬਰਤਾ ਵਾਲੇ ਅਤੇ ਜਾਤ-ਪਾਤ ਰਹਿਤ ਸਮਾਜ ਵਿਚ ਉਸਾਰੂ ਸਭਿਆਚਾਰਕ ਕਦਰਾਂ-ਕੀਮਤਾਂ ਦੀ ਬਹਾਲੀ ਲਈ ਮਾਹੌਲ ਸਾਜ਼ਗਰ ਹੋ ਸਕਦਾ ਹੈ ਪਰੰਤੂ ਆਰਥਿਕ ਕਾਣੀ ਵੰਡ ਦੇ ਆਧਾਰ 'ਤੇ ਉਸਰੇ ਜਮਾਤੀ ਸਮਾਜ-ਸਭਿਆਚਾਰ ਵਿਚ ਪ੍ਰੋਲਤਾਰੀ ਜਮਾਤ ਕਮਜ਼ੋਰ ਆਰਥਿਕਤਾ ਅਤੇ ਜਾਤ-ਪਾਤ ਵਿਚ ਉਲਝ ਕੇ ਅਤਿ ਦੁਖਾਂਤਿਕ ਸਥਿਤੀਆਂ ਦੀ ਭਾਗੀ ਬਣਦੀ ਹੈ।

ਨਿਰਸੰਦੇਹ 'ਸੱਤ ਬਗਾਨੇ' ਨਾਟਕ ਮਾਲਵੇ ਦੇ ਸਮਾਜ-ਸਭਿਆਚਾਰਕ ਮੁੱਲ-ਵਿਧਾਨ ਨੂੰ ਬਹੁ-ਪਰਿਪੇਖੀ ਦ੍ਰਿਸ਼ਟੀਕੋਣ ਤੋਂ ਨਾ ਕੇਵਲ ਪੇਸ਼ ਕਰਦਾ ਹੈ ਸਗੋਂ ਅਜੋਕੇ ਪਦਾਰਥਵਾਦੀ ਯੁਗ ਵਿਚ ਅਪ੍ਰਸੰਗਿਕ ਹੋ ਗਈਆਂ ਕਦਰਾਂ-ਕੀਮਤਾਂ ਨੂੰ ਨਕਾਰਨ ਦਾ ਕਾਰਜ ਵੀ ਕਰਦਾ ਹੈ। ਬਦਲਦੇ ਸਮਾਜ-ਸਭਿਆਚਾਰਕ ਪਰਿਪੇਖ ਵਿਚ ਰੂੜ੍ਹੀਵਾਦੀ ਕਦਰਾਂ-ਕੀਮਤਾਂ ਦੀ ਭੰਨਤੋੜ ਕਰਕੇ ਉਸਾਰੂ ਕਦਰਾਂ-ਕੀਮਤਾਂ ਦੀ ਬਹਾਲੀ ਲਈ ਅਚੇਤ-ਸੁਚੇਤ ਯਤਨ ਕਰਨਾ ਇਸ ਨਾਟਕ ਦਾ ਖ਼ਾਸਾ ਨਜ਼ਰ ਆਉਂਦਾ ਹੈ। ਇਸ ਨਾਟਕ ਦੀ ਖ਼ੂਬਸੂਰਤੀ ਇਸ ਵਿਚ ਹੈ ਕਿ ਇਹ ਮਲਵਈ ਸਭਿਆਚਾਰਕ ਕਦਰਾਂ-ਕੀਮਤਾਂ ਦੇ ਅੰਤਰ-ਦਵੰਦ ਨੂੰ ਨਿਰੋਲ ਵਿਚਾਰਾਂ ਦੀ ਪੱਧਰ 'ਤੇ ਹੀ ਪੇਸ਼ ਨਹੀਂ ਕਰਦਾ ਸਗੋਂ ਪਾਤਰਾਂ ਦੇ ਘਟਨਾਵਾਂ ਦੇ ਅੰਤਰ-ਸੰਵਾਦ ਰਾਹੀਂ ਇਸਦੀ ਕਲਾਤਮਿਕ ਪੇਸ਼ਕਾਰੀ ਵੀ ਕਰਦਾ ਹੈ। ਇਸ ਕਾਰਜ ਲਈ ਮਲਵਈ ਉਪ-ਭਾਸ਼ਾ ਦਾ ਪੇਂਡੂ ਮੁਹਾਵਰਾ ਮੁਖ-ਮਾਧਿਅਮ ਵਜੋਂ ਕਾਰਜਸ਼ੀਲ ਨਜ਼ਰ ਆਉਂਦਾ ਹੈ। ਇਸ ਨਾਟਕ ਵਿਚ ਅਜਮੇਰ ਸਿੰਘ ਔਲਖ ਨਿਵੇਕਲੇ ਭਾਸ਼ਾਈ ਮੁਹਾਵਰੇ ਰਾਹੀਂ ਮਾਲਵੇ ਦੇ ਪੇਂਡੂ ਨਿਮਨ-ਕਿਸਾਨੀ ਸਭਿਆਚਾਰ ਦੀਆਂ ਮਹੀਨ ਪਰਤਾਂ ਨੂੰ ਅਵਚੇਤਨੀ ਧਰਾਤਲ ਤੋਂ ਪ੍ਰਸਤੁਤ ਕਰਨ ਦਾ ਸੁਹਿਰਦ ਯਤਨ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਡਾ. ਜਸਵਿੰਦਰ ਸਿੰਘ, *ਪੰਜਾਬੀ ਸਭਿਆਚਾਰ : ਪਛਾਣ ਚਿੰਨ੍ਹ*, ਪੁਨੀਤ ਪ੍ਰਕਾਸ਼ਨ, ਪਟਿਆਲਾ, 1989, ਪੰਨੇ 83-84
2. ਅਜਮੇਰ ਸਿੰਘ ਔਲਖ, *ਸੱਤ ਬਗਾਨੇ*, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1987, ਪੰਨੇ 11-12.
3. ਉਹੀ, ਪੰਨਾ 35
4. ਉਹੀ, ਪੰਨਾ 41
5. ਉਹੀ, ਪੰਨਾ 72
6. ਡਾ. ਸਰਬਜੀਤ ਸਿੰਘ, '*ਅਜਮੇਰ ਔਲਖ ਦੀ ਰਚਨਾ ਦ੍ਰਿਸ਼ਟੀ*', ਸੁਖਦੇਵ ਸਿੰਘ (ਸੰਪਾ.) ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002, ਪੰਨਾ 77
7. ਅਜਮੇਰ ਸਿੰਘ ਔਲਖ, *ਸੱਤ ਬਗਾਨੇ*, ਲੋਕਾਇਤ ਪ੍ਰਕਾਸ਼ਨ ਚੰਡੀਗੜ੍ਹ, 1987, ਪੰਨਾ 44